ਵੱਲੋ

ਡਾਇਰੈਕਟਰ,
ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
(ਤਕਨੀਕੀ ਸਿਖਿਆ ਵਿੰਗ)
ਪੰਜਾਬ, ਚੰਡੀਗੜ੍ਹ।

ਸੇਵਾ ਵਿਖੇ

ਸਮੂਹ ਸੈਕਸ਼ਨਿੰਗ ਅਥਾਰਟੀਆਂ
ਰਜਿਸਟਰਾਰ (ਸੈਕਸ਼ਨਿੰਗ ਅਥਾਰਟੀਜ)

1. ਪੰਜਾਬ ਤਕਨੀਕੀ ਯੂਨੀਵਰਸਿਟੀ, ਜਲੰਧਰ
2. ਡਾ: ਬੀ ਆਰ ਅੰਬੇਦਕਰ ਨੈਸ਼ਨਲ ਇਸ : ਆਫ ਟੈਕ : ਜਲੰਧਰ
3. ਇੰਡੀਅਨ ਇੰਸ : ਆਫ ਟੈਕ : ਰੋਪੜ
4. ਸੰਤ ਲੋਗੋਂਵਾਲ ਇੰਸ ਆਫ ਇੰਜੀ : ਅਤੇ ਟੈਕ : ਸੰਗਰੂਰ
5. ਨੈਸ਼ਨਲ ਇੰਸ: ਆਫ ਫਾਰਮੈਸਿਉਟੀਕਲ ਐਜੂਕੇਸ਼ਨ ਐਂਡ ਰਿਸਰਚ ਮੋਹਾਲੀ
6. ਥਾਪਰ ਯੂਨੀਵਰਸਿਟੀ ਪਟਿਆਲਾ ।

7-21 ਪ੍ਰਿੰਸੀਪਲ
ਸਰਕਾਰੀ ਬਹੁਤਕਨੀਕੀ ਕਾਲਜ, ਅੰਮ੍ਰਿਤਸਰ, ਬਠਿੰਡਾ,ਬਟਾਲਾ,ਬਹਿਰਾਮ, ਬੇਗੋਵਾਲ , ਬਰੇਟਾ, ਭਿੱਖੀਵਿੰਡ, ਹੁਸ਼ਿਆਰਪੁਰ, ਜੀ.ਟੀ.ਬੀ.ਗੜ, ਫਤੂਹੀਖੇੜਾ, ਰਾਂਣਵਾ, ਖੂਨੀ ਮਾਜਰਾ, ਕੋਟਕਪੂਰਾ ਫਿਰੋਜਪੁਰ ।

22-27 ਸਰਕਾਰੀ ਬਹੁਤਕਨੀਕੀ ਕਾਲਜ ਲੜਕੀਆਂ, ਅੰਮ੍ਰਿਤਸਰ, ਜਲੰਧਰ, ਦੀਨਾਨਗਰ , ਪਟਿਆਲਾ ਲੁਧਿਆਣਾ ਅਤੇ ਰੋਪੜ ।

28 ਪ੍ਰਿੰਸੀਪਲ ਗੋਰਮਿੰਟ ਇੰਸ : ਆਫ ਟੈਕਸਟਾਈਲ ਕੈਮਿਸਟਰੀ ਅਤੇ ਨਿਟਿੰਗ ਟੈਕ : ਲੁਧਿਆਣਾ

ਮੀਮੋ ਨੰ: ਟੀ ਈ /ਸਕਾਲਰਸ਼ਿਪ / 319 ਮਿਤੀ 01-06-15

ਵਿਸ਼ਾ - ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਵਿਭਾਗ ਨਾਲ ਸਬੰਧਤ ਮੁੱਖ ਮੰਤਰੀ ਦਫਤਰ ਵਿਖੇ ਪ੍ਰਾਪਤ ਹੋਏ ਪੱਤਰਾਂ ਦੇ ਨਿਪਟਾਰੇ ਸਬੰਧੀ।

ਇਸ ਦਫਤਰ ਨੂੰ ਮੁੱਖ ਮੰਤਰੀ ਪੰਜਾਬ ਜੀ ਦੇ ਦਫਤਰ ਪਾਸੋਂ ਪ੍ਰਮੁੱਖ ਸਕੱਤਰ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਜੀ ਰਾਹੀਂ ਅੰ : ਵਿ : ਪੱਤਰ ਨੰ: 455 ਮਿਤੀ 14-05-2015 (ਫੋਟੋਕਾਪੀ ਨੱਥੀ ਹੈ ) ਪ੍ਰਾਪਤ ਹੋਇਆ ਹੈ ਜਿਸ ਦੇ ਹਵਾਲੇ ਨਾਲ ਲਿਖਿਆ ਜਾਂਦਾ ਹੈ ਕਿ ਮਾਨਯੋਗ ਮੁੱਖ ਮੰਤਰੀ ਜੀ ਰਾਹੀਂ ਓ.ਬੀ.ਸੀ ਵਿਦਿਆਰਥੀਆਂ ਵੱਲੋਂ ਪ੍ਰਤੀਬੇਨਤੀ ਕੀਤੀ ਗਈ ਹੈ ਕਿ ਉਨਾਂ ਨੂੰ ਕਾਲਜਾਂ ਵੱਲੋਂ ਪ੍ਰੇਸ਼ਾਨ ਕੀਤਾ ਜਾਂਦਾ ਹੈ ਕਿ ਜੇਕਰ ਤੁਸੀ ਫੀਸ ਜਮਾਂ ਨਹੀਂ ਕਰਵਾਈ ਤਾਂ ਆਪ ਨੂੰ ਪ੍ਰੀਖਿਆ ਵਿੱਚ ਬੈਠਣ ਲਈ ਰੋਲ ਨੰਬਰ ਨਹੀਂ ਦਿੱਤੇ ਜਾਣਗੇ। ਜਿਸ ਕਾਰਨ ਓ.ਬੀ.ਸੀ ਕੈਟਾਗਰੀ ਦੇ ਵਿਦਿਆਰਥੀ ਬਹੁਤ ਮਾਨਸਿਕ ਪ੍ਰੇਸ਼ਾਨੀ ਵਿਚੋਂ ਗੁਜਰ ਰਹੇ ਹਨ। ਇਸ ਲਈ ਆਪ ਸਮੂਹ ਸੈਕਸ਼ਨਿੰਗ ਅਥਾਰਟੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪ ਦੇ ਅਧੀਨ ਆਉਂਦੀਆਂ ਸੰਸਥਾਵਾਂ ਨੂੰ ਸਖਤ ਹਦਾਇਤ ਕੀਤੀ ਜਾਵੇ ਕਿ ਭਲਾਈ ਵਿਭਾਗ ਦੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਦੀ ਪਾਲਿਸੀ ਅਨੁਸਾਰ ਕਾਰਵਾਈ ਕਰਨਾ ਯਕੀਨੀ ਬਣਾਇਆ ਜਾਵੇ।

ਵਧੀਕ ਡਾਇਰੈਕਟਰ,
ਵਾਸਤੇ ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ, ਚੰਡੀਗੜ੍ਹ।

ਨੱਥੀ/ਉਪਰੋਕਤ ਅਨੁਸਾਰ

ਪਿੱਠ ਅੰਕਣ ਨੰ: ਟੀ ਈ /ਸਕਾਲਰਸ਼ਿਪ ਮਿਤੀ

ਉਪਰੋਕਤ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜ਼ਾਂਦਾ ਹੈ : -

1. ਪ੍ਰਮੁੱਖ ਸਕੱਤਰ , ਪੰਜਾਬ ਸਰਕਾਰ , ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ (ਤਕਨੀਕੀ ਸਿਖਿਆ ਸ਼ਾਖਾ - 2) ਚੰਡੀਗੜ ਨੂੰ ਉਨਾਂ ਦੇ ਡਾਇਰੀ ਨੰ: 697 ਮਿਤੀ 15-05-2015 ਦੇ ਹਵਾਲੇ ਵਿੱਚ ।

2. ਪ੍ਰਿੰਸੀਪਲ ਸੈਂਟ ਸੋਲਜਰ ਇੰਸਟੀਚਿਊਟ ਆਫ ਮਨੈਜਮੈਂਟ ਐਂਡ ਟੈਕਨਾਲੋਜੀ, ਜਲੰਧਰ ਨੂੰ ਮੁੱਖ ਮੰਤਰੀ ਪੰਜਾਬ ਦਾ ਪੱਤਰ ਮਿਤੀ 14-05-2015 ਸਮੇਤ ਸਹਿ ਪੱਤਰ ਭੇਜਿਆ ਜਾਂਦਾ ਹੈ । ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਦੀ ਪਾਲਿਸੀ ਦੇ ਸਨਮੁੱਖ ਵਿਦਿਆਰਥੀਆਂ ਵੱਲੋਂ ਕੀਤੀ ਪ੍ਰਤੀ ਬੇਨਤੀ ਤੇ ਆਪਣੀ ਟਿੱਪਣੀ ਮਿਤੀ 03-06-2015 ਤੱਕ dtescholarship@yahoo.com ਤੇ ਡਾਕ ਰਾਹੀਂ ਭੇਜਣੀ ਯਕੀਨੀ ਬਣਾਈ ਜਾਵੇ।

3. ਪ੍ਰੋਗਰਾਮਰ ਕੰਪਿਊਟਰ ਸੈਕਸ਼ਨ (ਮੁੱਖ ਦਫਤਰ) ਨੂੰ ਪੱਤਰ ਸਹਿ ਪੱਤਰਾਂ ਸਮੇਤ ਵਿਭਾਗ ਦੀ ਵੈਬ ਸਾਈਟ ਤੇ ਪਾਉਣ ਹਿੱਤ ਭੇਜਿਆ ਜਾਂਦਾ ਹੈ।

ਵਧੀਕ ਡਾਇਰੈਕਟਰ,
ਵਾਸਤੇ ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ, ਚੰਡੀਗੜ੍ਹ।

# ਦਫਤਰ ਮੁੱਖ ਮੰਤਰੀ, ਪੰਜਾਬ

## OFFICE OF CHIEF MINISTER, PUNJAB

## (ਪੈਰਵੀ ਸ਼ਾਖਾ)

## (FOLLOW UP SECTION)

ਵਿਸ਼ਾ:- ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਵਿਭਾਗ ਨਾਲ ਸਬੰਧਤ ਮੁੱਖ ਮੰਤਰੀ ਦਫ਼ਤਰ ਵਿਖੇ ਪ੍ਰਾਪਤ ਹੋਏ ਪੱਤਰਾਂ ਦੇ ਨਿਪਟਾਰੇ ਸਬੰਧੀ।

*****

ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਵਿਭਾਗ ਕਿਰਪਾ ਕਰਕੇ ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕਰਨ।

2. ਡਿਪਟੀ ਕਮਿਸ਼ਨਰ, ਜਲੰਧਰ ਦੇ ਪੱਤਰ ਨੰ: 3559/ਐਮ.ਸੀ-3/ਐਮ.ਏ ਮਿਤੀ 06-04-2015 ਰਾਹੀਂ ਪ੍ਰਦੀਪ ਕੌਰ, ਮਨੀਸ਼ਾ ਰਾਣੀ ਅਤੇ ਹੋਰਾਂ ਦਾ ਪੱਤਰ ਮਿਤੀ 02-03-2015 ਇਸ ਦਫਤਰ ਵਿਖੇ ਪ੍ਰਾਪਤ ਹੋਇਆ ਹੈ। ਇਸ ਪੱਤਰ ਦਾ ਸਬੰਧ ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ ਨਾਲ ਹੈ। ਇਸ ਲਈ ਇਹ ਪੱਤਰ ਮੂਲ ਰੂਪ ਵਿੱਚ ਉਨ੍ਹਾਂ ਨੂੰ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਉਪ ਸਕੱਤਰ

ਸੇਵਾ ਵਿਖੇ,

ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਵਿਭਾਗ।

ਪ੍ਰ:ਵਿ:ਪੱ:ਨੰ: CMO/FUS/SR ASST 1/2014/E100-455- ਮਿਤੀ,ਚੰਡੀਗੜ੍ਹ 14-5-15

# ਦਫਤਰ ਡਿਪਟੀ ਕਮਿਸ਼ਨਰ ਜਲੰਧਰ
## Office of the Deputy Commissioner
Jalandhar (Punjab)

Ph. : 0181-2224783 (O)
: 2459664 (R)
Fax : 2224727
e-mail : dc.jal@punjab.gov.in

No. ......................

Date ......................

ਸੇਵਾ ਵਿਖੇ

ਪ੍ਰਮੁੱਖ ਸਕੱਤਰ ਟੂ ਮੁੱਖ ਮੰਤਰੀ ਪੰਜਾਬ,
ਸਿਵਲ ਸਕੱਤਰੇਤ,(ਜਨਰਲ ਸ਼ਾਖਾ)
ਚੰਡੀਗੜ।

ਨੰ: 3559 /ਐਮ.ਸੀ.-3,ਐਮ.ਏ. ਮਿਤੀ 6-4-15

ਵਿਸ਼ਾ: ਰਾਜ ਦੀਆਂ ਵੱਖ-ਵੱਖ ਜੱਥੇਬੰਦੀਆਂ, ਮੁਲਾਂਜਮ ਜੱਥੇਬੰਦੀਆਂ ਵਲੋ ਪੇਸ਼ ਕੀਤੇ ਮੈਮੋਰੰਡਮ/ ਮੰਗ ਪੱਤਰਾਂ ਤੇ ਕਾਰਵਾਈ ਕਰਨ ਬਾਰੇ।

ਇਹ ਮੰਗ ਪੱਤਰ ਜੋ ਕਿ ਓ.ਬੀ.ਸੀ. ਵਿਦਿਆਰਥੀਆਂ ਦੇ ਸਰਕਾਰੀ ਨਿਯਮਾਂ ਅਨੁਸਾਰ ਸਕਾਲਰਸ਼ਿਪ ਦੇ ਅੱਜ ਦੀ ਤਾਰੀਖ ਤੱਕ ਪੈਸੈ ਨਾ ਆਉਣ ਕਾਰਣ ਪਰੇਸ਼ਾਨੀ ਹੋਣ ਕਾਰਨ ਸਮੂਹ ਵਿਦਿਆਰਥੀਆਂ ਵਲੋ ਇਸ ਦਫਤਰ ਵਿਚ ਪੇਸ਼ ਕੀਤਾ ਗਿਆ ਹੈ। ਇਹ ਮੰਗ ਪੱਤਰ ਆਪ ਦੀ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਨੱਥੀ: ਅਸਲ ਮੰਗ ਪੱਤਰ।

ਵਾ:ਡਿਪਟੀ ਕਮਿਸ਼ਨਰ,
ਜਲੰਧਰ।

ਮੁੱਖ ਮੰਤਰੀ ਸਿਵਲ ਸਕੱਤਰੇਤ
ਪ੍ਰਾਪਤੀ ਦੀ ਮਿਤੀ
13 APR 2015
ਡਾਇਰੀ ਨੰ: 8692
ਮਿਤੀ

MC-3
1/4/15

ਸੇਵਾ ਵਿਖੇ,

ਮਾਨਯੋਗ ਮੁੱਖ ਮੰਤਰੀ, ਪੰਜਾਬ
ਡਿਪਟੀ ਕਮਿਸ਼ਨਰ ਸਾਹਿਬ (ਰਾਹੀਂ)

ਜਲੰਧਰ।

ਵਿਸ਼ਾ- **OBC ਵਿਦਿਆਰਥੀਆਂ ਦੇ ਸਰਕਾਰੀ ਨਿਯਮਾਂ ਅਨੁਸਾਰ ਸਕਾਲਰਸ਼ਿਪ ਦੇ ਅੱਜ ਦੀ ਤਾਰੀਖ ਤੱਕ ਪੈਸੇ ਨਾ ਆਉਣ ਕਾਰਣ ਪਰੇਸ਼ਾਨੀ ਹੋਣ ਸੰਬੰਧੀ।**

ਸ਼੍ਰੀ ਮਾਨ ਜੀ,

ਨਿਮਰਤਾ ਸਹਿਤ ਬੇਨਤੀ ਹੈ ਕਿ ਅਸੀਂ St. Soldier Management & Technical Institute ਦੇ ਪੋਸਟ ਗ੍ਰੈਜੂਏਟ ਦੇ ਵਿਦਿਆਰਥੀ ਹਾਂ। ਅਸੀਂ ਇਸ Institute ਵਿੱਚ ਸਰਕਾਰੀ ਹਦਾਇਤਾਂ ਮੁਤਾਬਿਕ ਆਸ਼ੀਰਵਾਦ ਸਕੀਮ ਦੇ ਅਧੀਨ ਦਾਖਿਲਾ ਲਿਆ ਸੀ। ਜਿਸ ਦੀ ਫੀਸ ਇਸ Institute ਨੂੰ ਸਰਕਾਰ ਵਲੋਂ ਆਉਣੀ ਸੀ। ਪਰ ਡੇਢ ਸਾਲ ਹੋ ਗਿਆ ਹੈ ਅਜੇ ਤੱਕ ਕੋਈ ਪੈਸਾ ਉੱਕਤ ਸਕੀਮ ਅਧੀਨ ਨਹੀਂ ਆਇਆ ਕਾਲਜ਼ ਦੀ ਮੈਨੇਜਮੈਂਟ ਵਲੋਂ ਤੰਗ ਤੇ ਪਰੇਸ਼ਾਨ ਕੀਤਾ ਜਾ ਰਿਹਾ ਹੈ ਕਿ ਤੁਸੀ ਆਪਣੇ ਕੋਲੋਂ ਫੀਸ ਜਮਾਂ ਕਰਵਾਓ। ਇੰਨੀ ਰਕਮ ਅਸੀਂ ਆਪਣੇ ਕੋਲੋਂ ਜਮਾਂ ਨਹੀਂ ਕਰਵਾ ਸਕਦੇ। ਅਗਰ ਸਾਡੇ ਪੈਸੇ ਆਸ਼ੀਰਵਾਦ ਸਕੀਮ ਅਧੀਨ ਪੈਸੇ ਕਾਲਜ ਨੂੰ ਨਾ ਆਏ ਤਾਂ ਸਾਨੂੰ ਕਾਲਜ ਵਲੋਂ ਰੋਲ ਨੰਬਰ ਨਹੀਂ ਮਿਲਣਗੇ। ਸਾਡਾ ਭੱਵਿਖ ਹਨੇਰੇ ਵਿੱਚ ਹੋਣ ਕਰਕੇ ਅਸੀਂ ਬਹੁਤ ਪਰੇਸ਼ਾਨ ਹਾਂ। ਅਸੀਂ ਬੜੀ ਹੀ ਮੁਸ਼ਕਿਲ ਨਾਲ 60,000 ਰੁਪਏ ਪਹਿਲਾਂ ਦਿੱਤੇ ਸਨ। ਸਾਡੇ ਮਾਂ-ਬਾਪ ਦੀ ਇੰਨੀ ਇੰਨਕਮ ਨਹੀਂ ਕਿ ਉਹ ਕਾਲਜ ਨੂੰ ਡੇਢ ਸਾਲ ਦੀ ਫੀਸ ਦੇ ਸਕਣ। ਸੋ ਸਾਡੀ ਉਪਰੋਕਤ ਮੰਗ ਨੂੰ ਸਵੀਕਾਰ ਕਰਦਿਆ ਹੋਇਆ ਕਾਲਜ ਦੀ ਮੈਨੇਜਮੈਂਟ ਨੂੰ ਹੁਕਮ ਜਾਰੀ ਕੀਤੇ ਜਾਣ ਕਿ ਬੱਚਿਆ ਨੂੰ ਤੰਗ ਤੇ ਪਰੇਸ਼ਾਨ ਨਾ ਕੀਤਾ ਜਾਵੇ ਤੇ ਸਮੇਂ ਸਿਰ ਰੋਲ ਨੰਬਰ ਦਿੱਤੇ ਜਾਣ ਤੇ ਪੈਸਿਆ ਦੀ ਲੈਂਣ ਦੇਣ ਦੀ ਗੱਲ ਸਰਕਾਰ ਵਲੋਂ ਕਾਲਜ ਨਾਲ ਸਿੱਧੇ ਕੀਤੀ ਜਾਵੇ ਤਾਂ ਜੋ ਵਿਦਿਆਰਥੀਆਂ ਨੂੰ ਰਾਹਤ ਮਿਲ ਸਕੇ।

ਧੰਨਵਾਦ ਸਹਿਤ।

ਆਪ ਜੀ ਦੇ ਵਿਸ਼ਵਾਸਪਾਤਰ

Ranjit Singh
Sukhwinder Kumar
Manu Priya
Pardeep Kaur
Manisha Rani
Baby
Sunil Kumar
Abhimanyu Kumar
Amandeep Mehra

2/3/2015